


Khalistan Affairs Centre
956-National Press Building
Washington, DC
20045
Ph: 202-637-9210
Fax: 202-637-9211
Email: kacwashdc@yahoo.com
www.khalistan-affairs.org


# ਖਾਲਿਸਤਾਨ ਕਾਲਿੰਗ

## ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਡੀ. ਸੀ. ਦੀ ਕਲਮ ਤੋਂ

---

## "ਵਰ੍ਹਾ 2008 ਤੋਂ ਦੁਨੀਆ ਵਿੱਚ ਅੰਨ ਦੀਆਂ ਕੀਮਤਾਂ ਵਿੱਚ ਭਾਰੀ ਵਾਧੇ ਦੀ 'ਚੁੱਪ ਸੁਨਾਮੀ' ਆ ਰਹੀ ਹੈ... ਯੂਨਾਇਟਿਡ ਨੇਸ਼ਨਜ਼ ਫੂਡ ਏਜੰਸੀ"

## ਪੰਜਾਬ ਦੇ ਕਿਸਾਨਾਂ ਤੋਂ 1000 ਰੁਪਏ ਪ੍ਰਤੀ ਕਵਿੰਟਲ ਦੇ ਹਿਸਾਬ ਨਾਲ ਕਣਕ ਖਰੀਦੀ ਜਾ ਰਹੀ ਹੈ ਜਦੋਂਕਿ ਅੰਤਰਰਾਸ਼ਟਰੀ ਮੰਡੀ ਵਿੱਚ ਇਸ ਦੀ ਕੀਮਤ ਦੁੱਗਣੀ ਹੈ!

## ਪੰਜਾਬ ਸਰਕਾਰ ਕਿਸਾਨਾਂ ਨੂੰ ਜਾਂ ਅੰਤਰਰਾਸ਼ਟਰੀ ਭਾਅ ਦਿਵਾਏ ਨਹੀਂ ਤਾਂ ਅੰਤਰਰਾਸ਼ਟਰੀ ਏਜੰਸੀਆਂ ਨੂੰ ਪੰਜਾਬ 'ਚੋਂ ਕਣਕ ਖਰੀਦਣ ਦੀ ਖੁੱਲ੍ਹ ਦੇਵੇ!

ਵਾਸ਼ਿੰਗਟਨ (ਡੀ. ਸੀ.) 23 ਅਪਰੈਲ, 2008 – ਸੰਸਾਰ ਪ੍ਰਸਿੱਧ ਰਸਾਲੇ 'ਇਕੌਨੋਮਿਸਟ ਲੰਡਨ' ਨੇ ਆਪਣੇ 17 ਅਪ੍ਰੈਲ ਦੇ ਅੰਕ ਦਾ ਐਡੀਟੋਰੀਅਲ ਅਤੇ ਇੱਕ ਪ੍ਰਮੁੱਖ ਆਰਟੀਕਲ, ਸੰਸਾਰ ਵਿੱਚ ਵਧ ਰਹੀਆਂ ਅੰਨ ਦੀਆਂ ਕੀਮਤਾਂ ਅਤੇ ਇਸ ਦੇ ਸੰਸਾਰ ਮੰਡੀ ਅਤੇ ਮਨੁੱਖਤਾ ਤੇ ਪੈਣ ਵਾਲੇ ਪ੍ਰਭਾਵਾਂ ਸਬੰਧੀ ਲਿਖੇ ਹਨ, ਜਿਨ੍ਹਾਂ ਦਾ ਪੰਜਾਬ ਦੀ ਕਿਰਸਾਣੀ ਅਤੇ ਲੋਕਾਈ ਨਾਲ ਵੀ ਸਿੱਧਾ ਸਬੰਧ ਹੈ।

'ਇਕੌਨੋਮਿਸਟ ਲੰਡਨ' ਦੇ ਐਡੀਟੋਰੀਅਲ ਦਾ ਸਿਰਲੇਖ ਹੈ – "ਚੁੱਪ ਸੁਨਾਮੀ–ਅੰਨ ਦੀਆਂ ਵਧ ਰਹੀਆਂ ਕੀਮਤਾਂ ਦੁਨੀਆ ਵਿੱਚ ਝਗੜੇ ਤੇ ਕਸ਼ਟ ਪੈਦਾ ਕਰ ਰਹੀਆਂ ਹਨ –ਕ੍ਰਾਂਤੀਕਾਰੀ ਹੱਲ ਢੂੰਡਣ ਦੀ ਲੋੜ"। ਇਸ ਲੇਖ ਵਿੱਚ, ਯੂਨਾਇਟਿਡ ਨੇਸ਼ਨਜ਼ ਫੂਡ ਏਜੰਸੀ ਦੇ ਮੁਖੀ ਜੋਸੈਟ ਸ਼ੀਰਾਨ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ –"ਇਹ ਚੁੱਪ ਸੁਨਾਮੀ ਹੈ। ਦੁਨੀਆ ਵਿੱਚ ਅੰਨ ਦੀਆਂ ਕੀਮਤਾਂ ਵਿੱਚ ਭਾਰੀ ਵਾਧੇ ਦੀ ਇੱਕ ਲਹਿਰ ਚੱਲ ਰਹੀ ਹੈ ਜਿਸ ਕਾਰਨ ਦੰਗੇ ਹੋ ਰਹੇ ਹਨ ਅਤੇ ਸਰਕਾਰਾਂ ਹਿੱਲ ਰਹੀਆਂ ਹਨ। 30 ਸਾਲਾਂ ਵਿੱਚ ਪਹਿਲੀ ਵਾਰ ਥਾਂ–ਥਾਂ ਅੰਨ ਦੀ ਕਮੀ ਨੂੰ ਲੈ ਕੇ ਰੋਸ ਵਿਖਾਵੇ ਹੋ ਰਹੇ ਹਨ। ਬੰਗਲਾ ਦੇਸ਼ ਮੁਸੀਬਤ ਵਿੱਚ ਹੈ, ਚੀਨ ਨੂੰ ਵੀ ਫਿਕਰ ਹੋਣਾ ਸ਼ੁਰੂ ਹੋ ਗਿਆ ਹੈ। ਹੋਰ ਥਾਵਾਂ ਤੇ ਵੀ ਵਰ੍ਹਾ

2008 ਦਾ ਅੰਨ-ਸੰਕਟ, ਭਾਰਤੀ ਅਰਥ-ਸ਼ਾਸਤਰੀ ਅਮ੍ਰਿਤਿਆ ਸੇਨ ਦੇ ਇਸ ਬਿਆਨ ਨੂੰ ਟੈਸਟ ਕਰੇਗਾ ਕਿ ਲੋਕਤੰਤਰੀ ਦੇਸ਼ਾਂ ਵਿੱਚ 'ਅਕਾਲ' ਨਹੀਂ ਪੈਂਦਾ। ਅਕਾਲ ਦਾ ਮਤਲਬ ਹੁੰਦਾ ਹੈ ਜਦੋਂਕਿ ਲੋਕ ਭੁੱਖ ਨਾਲ ਮਰਦੇ ਹਨ। ਅੱਜ ਤੱਕ ਦੇ ਸੰਕਟ ਦਾ ਪੈਮਾਨਾ ਤਾਂ ਕਸ਼ਟ ਅਤੇ ਘੱਟ ਖੁਰਾਕ ਦਾ ਸੀ – ਅਕਾਲ ਪੈਣ ਦਾ ਨਹੀਂ। ਗਰੀਬ ਦੇਸ਼ਾਂ ਵਿੱਚ ਮੱਧ ਵਰਗੀ ਲੋਕਾਂ ਨੇ ਸਿਹਤ ਸੇਵਾਵਾਂ ਲੈਣੀਆਂ ਬੰਦ ਕਰ ਦਿੱਤੀਆਂ ਹਨ ਅਤੇ ਆਪਣੇ ਅਹਾਰ 'ਚੋਂ ਮਾਸ ਖਾਣਾ ਵੀ ਘਟਾ ਦਿੱਤਾ ਹੈ ਤਾਂਕਿ ਉਨ੍ਹਾਂ ਨੂੰ ਤਿੰਨ ਵੇਲੇ ਦੀ ਰੋਟੀ ਨਸੀਬ ਹੋ ਸਕੇ। ਉਹ ਗਰੀਬ ਲੋਕ ਜਿਨ੍ਹਾਂ ਦੀ ਆਮਦਨ ਰੋਜ਼ਾਨਾ ਦੋ ਡਾਲਰ ਤੋਂ ਘੱਟ ਹੈ, ਆਪਣੇ ਬੱਚਿਆਂ ਨੂੰ ਸਕੂਲਾਂ ਵਿੱਚ ਪੜਨੋਂ ਹਟਾ ਰਹੇ ਹਨ ਅਤੇ ਸਬਜ਼ੀਆਂ ਵੀ ਨਹੀਂ ਖਰੀਦ ਰਹੇ ਤਾਂਕਿ ਉਨ੍ਹਾਂ ਨੂੰ ਖਾਣ ਨੂੰ ਘੱਟੋ ਘੱਟ ਚਾਵਲ ਤਾਂ ਜ਼ਰੂਰ ਮਿਲ ਸਕਣ। ਜਿਨ੍ਹਾਂ ਗਰੀਬਾਂ ਦੀ ਕਮਾਈ ਰੋਜ਼ਾਨਾ ਇੱਕ ਡਾਲਰ ਤੋਂ ਵੀ ਘੱਟ ਹੈ ਉਹ ਮਾਸ, ਸਬਜ਼ੀਆਂ ਅਤੇ ਇੱਕ ਖਾਣਾ ਵੀ ਛੱਡ ਰਹੇ ਹਨ ਤਾਂਕਿ ਉਨ੍ਹਾਂ ਨੂੰ ਘੱਟੋ ਘੱਟ ਚੌਲਾਂ ਦੀ ਇੱਕ ਬਾਟੀ ਹੀ ਨਸੀਬ ਹੋ ਸਕੇ। ਪਰ ਜਿਨ੍ਹਾਂ ਦੀ ਆਮਦਨ 50 ਸੈਂਟ ਹੈ ਉਹ ਪੂਰੀ ਤਰ੍ਹਾਂ ਭੁੱਖ ਮਰੀ ਦੀ ਮੁਸੀਬਤ ਵਿੱਚ ਫਸ ਚੁੱਕੇ ਹਨ।"

ਇਕੌਨੋਮਿਸਟ ਲੰਡਨ, ਉਪਰੋਕਤ ਸਥਿਤੀ ਦਾ ਕਾਰਣ ਲੱਭਣ ਦਾ ਯਤਨ ਕਰਦਿਆਂ ਲਿਖਦਾ ਹੈ – "ਆਮ ਤੌਰ ਤੇ ਸਰਕਾਰਾਂ, ਮੰਡੀਆਂ ਦਾ ਉਦਾਰੀਕਰਣ ਕਰਦੀਆਂ ਹਨ, ਇਹਨਾਂ ਵਿੱਚ ਦਖਲਅੰਦਾਜ਼ੀ ਨਹੀਂ ਕਰਦੀਆਂ। ਪਰ ਅੰਨ ਦਾ ਮਾਮਲਾ ਵੱਖਰਾ ਹੈ। ਇਸ ਵਿੱਚ 'ਸਟੇਟ' ਦੀ ਦਖਲਅੰਦਾਜ਼ੀ ਕਿਸਾਨਾਂ ਨੂੰ ਸਬਸਿਡੀਆਂ, ਮਿੱਲ੍ਹਾਂ ਵਾਲਿਆਂ ਨੂੰ ਸਬਸਿਡੀਆਂ ਤਾਂ ਕਿ ਉਹ ਸਸਤੀ ਬਰੈੱਡ ਮੁਹੱਈਆ ਕਰਾਉਣ – ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਇਨ੍ਹਾਂ ਸਬਸਿਡੀਆਂ, ਕੋਟਿਆਂ ਅਤੇ 'ਕੰਟਰੋਲ ਕਾਨੂੰਨਾਂ ਦਾ ਮਕਸਦ ਇਹ ਹੀ ਹੁੰਦਾ ਹੈ ਤਾਂ ਕਿ ਅੰਤਰਰਾਸ਼ਟਰੀ ਫੂਡ ਚੇਨ ਵਿੱਚ ਇੱਕ ਨਾਪਤੋਲ (ਬੈਲੈਂਸ) ਬਣਿਆ ਰਹਿ ਸਕੇ। ਦਹਾਕਿਆਂ ਤੋਂ ਚੱਲ ਰਹੀ ਇਸ ਨੀਤੀ ਦੇ ਤਹਿਤ, ਅੰਨ ਦੀਆਂ ਕੀਮਤਾਂ ਘਟ ਰਹੀਆਂ ਹਨ ਅਤੇ ਗਰੀਬ ਕਿਸਾਨਾਂ ਨੂੰ ਇਸ ਦਾ ਲਾਭ ਨਹੀਂ ਹੋਇਆ। ਹੁਣ ਦਾ ਵਰਤਾਰਾ ਇਸਦੇ ਬਿਲਕੁਲ ਉਲਟ ਹੈ। ਅਮੀਰ ਸੰਸਾਰ ਵਿੱਚ ਬਾਇਓ-ਫਿਊਲ ਨੂੰ ਦਿੱਤੀ ਜਾ ਰਹੀ ਸਬਸਿਡੀ ਦੀ ਵਜਾਹ ਕਰਕੇ, ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ। ਸਰਕਾਰਾਂ ਨੇ ਅੱਗੋਂ ਨਿਰਯਾਤ ਅਤੇ ਵਪਾਰ ਤੇ ਵਾਧੂ ਪਾਬੰਦੀਆਂ ਲਾ ਕੇ ਸਮੱਸਿਆ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ। ਬੀਤੇ ਵਰ੍ਹਿਆਂ ਵਿੱਚ ਅੰਨ੍ਹ ਸਬੰਧੀ ਉਦਾਰਵਾਦੀ ਨੀਤੀਆਂ ਲਾਗੂ ਕਰਣ ਸਬੰਧੀ ਇਹ ਤਰਕ ਦਿੱਤਾ ਜਾਂਦਾ ਸੀ ਕਿ ਇਸ ਨਾਲ ਅੰਨ ਦੀਆਂ ਕੀਮਤਾਂ ਵਧਣਗੀਆਂ ਅਤੇ ਗਰੀਬ ਕਿਸਾਨਾਂ ਨੂੰ ਫਾਇਦਾ ਹੋਵੇਗਾ। ਹੁਣ ਜਦੋਂ ਕਿ ਕੀਮਤਾਂ ਹੱਦੋਂ ਵਧ ਗਈਆਂ ਹਨ, ਇਹ ਹੀ ਤਰਕ ਉਲਟ ਅਵਸਥਾ ਲਈ ਵੀ ਦਿੱਤਾ ਜਾ ਰਿਹਾ ਹੈ ਭਾਵ ਉਦਾਰੀਕਰਣ ਨਾਲ ਕੀਮਤਾਂ ਘਟਣਗੀਆਂ ਪਰ ਕਿਸਾਨਾਂ ਨੂੰ ਕੀਮਤ ਵਧੀਆ ਹੀ ਮਿਲੇਗੀ। ਇਸ ਦਾ ਇੱਕ ਪੈਮਾਨਾ ਇਹ ਹੋਣਾ ਚਾਹੀਦਾ ਹੈ ਕਿ ਸਰਕਾਰਾਂ ਅੰਨ ਦੇ ਮਾਮਲੇ ਵਿੱਚ ਦਖਲਅੰਦਾਜ਼ੀ ਨਾ ਕਰਣ। ਉਹ ਕਿਸਾਨਾਂ ਨੂੰ ਮੁੱਢਲੀ ਤਕਨੀਕ, ਸਿੰਚਾਈ ਸਹੂਲਤਾਂ, ਚੰਗੇ ਬੀਜ ਆਦਿ ਮੁਹੱਈਆ ਕਰਵਾਉਣ। ਖੇਤੀਬਾੜੀ ਧੰਦਾ, ਇਸ ਵੇਲੇ ਨਰਕ ਬਣ ਚੁੱਕਿਆ ਹੈ। ਸਸਤੇ ਅੰਨ ਦਾ ਜ਼ਮਾਨਾ ਲੱਦ ਚੁੱਕਾ ਹੈ। ਹੁਣ ਤਾਂ ਕਿਸਮਤ ਅਤੇ ਚੰਗੀਆਂ ਨੀਤੀਆਂ ਦੇ ਸਹਾਰੇ ਹੀ ਇੱਕ 'ਨਵਾਂ ਸੰਤੁਲਨ' ਬਣਾਇਆ ਜਾ ਸਕਦਾ ਹੈ। ਇੱਕ ਸਿਸਟਮ ਤੋਂ ਦੂਸਰੇ ਵੱਲ ਮੁੜਨ ਦੀ ਪ੍ਰਕ੍ਰਿਆ ਬੜੀ ਤਕਲੀਫਦੇਹ ਹੈ। ਪਰ ਇਹ ਤਬਦੀਲੀ ਅਤਿ ਜ਼ਰੂਰੀ ਹੈ। ਸਰਕਾਰਾਂ ਦਾ ਫਰਜ਼ ਹੈ ਕਿ ਉਹ ਇਸ ਤਬਦੀਲੀ ਦੀ ਪੀੜ ਨੂੰ ਘਟਾਉਣ ਦਾ ਯਤਨ ਕਰਨ ਨਾ ਕਿ ਤਬਦੀਲੀ ਦੇ ਰਾਹ ਵਿੱਚ ਰੋੜਾ ਬਣਨ।"

'ਇਕੌਨੋਮਿਸਟ ਲੰਡਨ' ਦੇ ਦੂਸਰੇ ਆਰਟੀਕਲ ਦਾ ਸਿਰਲੇਖ ਹੈ –'ਭੁੱਖ ਦਾ ਨਵਾਂ ਚਿਹਰਾ-ਸੰਸਾਰ ਵਿੱਚ ਅੰਨ ਦੀ ਕਮੀ ਨੇ ਹਰ ਇੱਕ ਨੂੰ ਹੈਰਾਨ ਕੀਤਾ-ਕੀ ਕੀਤਾ ਜਾਵੇ ?

ਸੰਸਾਰ ਵਿੱਚ ਅੰਨ ਦੀ ਕਮੀ ਤੇ ਟਿੱਪਣੀ ਕਰਦਿਆਂ, ਮੈਗਜ਼ੀਨ ਲਿਖਦਾ ਹੈ – "ਪਿਛਲੇ ਸਾਲ ਕਣਕ ਦੀਆਂ ਕੀਮਤਾਂ ਵਿੱਚ 77 ਫੀਸਦੀ ਵਾਧਾ ਹੋਇਆ ਹੈ ਅਤੇ ਚਾਵਲ ਦੀਆਂ ਕੀਮਤਾਂ ਵਿੱਚ 16 ਫੀਸਦੀ। ਇਹ ਵਾਧੇ ਬਹੁਤ ਜ਼ਿਆਦਾ ਸਨ। ਪਰ ਇਸ ਸਾਲ ਦਾ ਵਾਧਾ ਪਿਛਲੇ ਵਰ੍ਹੇ ਨੂੰ ਵੀ ਮਾਤ ਦੇ ਗਿਆ ਹੈ। ਜਨਵਰੀ ਤੋਂ ਹੁਣ ਤੱਕ ਚਾਵਲ ਦੀਆਂ ਕੀਮਤਾਂ ਵਿੱਚ 141 ਫੀਸਦੀ ਦਾ ਵਾਧਾ ਹੋਇਆ ਹੈ ਅਤੇ ਕਣਕ ਦੀ ਇੱਕ ਕਿਸਮ ਦੀ ਕੀਮਤ ਇੱਕੋ ਦਿਨ ਵਿੱਚ 25 ਫੀਸਦੀ ਵਧ ਗਈ। 2008 ਵਿੱਚ ਅੰਨ ਸੰਕਟ ਬੜਾ ਗੰਭੀਰ ਹੈ ਪਰ ਇਹ ਵੱਡੀ ਸਮੱਸਿਆ ਦਾ ਇੱਕ ਲੱਛਣ ਹੀ ਹੈ। ਅੰਨ ਦੀਆਂ ਕੀਮਤਾਂ ਵਿੱਚ ਵਾਧੇ ਨੇ, ਪਿਛਲੇ 30 ਸਾਲਾਂ ਦੇ 'ਠਹਿਰਾਵ' ਨੂੰ ਤੋੜ ਦਿੱਤਾ ਹੈ ਜਦੋਂ ਕਿ ਅੰਨ ਸਸਤਾ ਸੀ ਅਤੇ ਅਮੀਰ ਦੇਸ਼ਾਂ ਵਲੋਂ ਕਿਸਾਨਾਂ ਨੂੰ ਸਬਸਿਡੀਆਂ ਦਿੱਤੀਆਂ ਜਾਂਦੀਆਂ ਸਨ। ਸਸਤੇ ਅੰਨ ਦਾ ਜ਼ਮਾਨਾ ਹੁਣ ਸਮਾਪਤ ਹੋ ਚੁੱਕਾ ਹੈ। ਇਸ ਨਵੇਂ ਸਿਸਟਮ ਵਿੱਚ ਆਉਣ ਦੀ ਤਬਦੀਲੀ, ਬਹੁਤ ਮਹਿੰਗੀ, ਲੰਬੀ ਤੇ ਕਸ਼ਟਦਾਇਕ ਸਾਬਤ ਹੋ ਰਹੀ ਹੈ- ਜਿਸਦੀ ਸ਼ਾਇਦ ਕਿਸੇ ਨੂੰ ਵੀ ਆਸ ਨਹੀਂ ਸੀ। ਆਮ ਤੌਰ 'ਤੇ ਅੰਨ ਦਾ ਸੰਕਟ ਲੋਕਲ ਕਾਰਣਾਂ ਕਰਕੇ ਹੁੰਦਾ ਸੀ ਜਿਵੇਂ ਚੰਗੀ ਫਸਲ ਨਾ ਹੋਣਾ ਜਾਂ ਲੜਾਈ ਦਾ ਲੱਗਣਾ ਆਦਿ। ਇਸਦਾ ਪ੍ਰਭਾਵ ਵੀ ਗਰੀਬ ਲੋਕਾਂ 'ਤੇ ਹੀ ਪੈਂਦਾ ਸੀ। ਪਰ ਅੱਜ ਦਾ ਸੰਕਟ ਵੱਖਰਾ ਹੈ। ਇਸ ਦਾ ਇੱਕੋ ਵੇਲੇ ਅਸਰ ਕਈ ਦੇਸ਼ਾਂ 'ਤੇ ਪੈ ਰਿਹਾ ਹੈ। ਇਉਂ 1970 ਵਿਆਂ ਤੋਂ ਬਾਅਦ ਪਹਿਲੀ ਵਾਰ ਹੋਇਆ ਹੈ। ਇਸ ਦੀ ਮਾਰ ਹੇਠ ਉਹ ਲੋਕ ਵੀ ਆ ਰਹੇ ਹਨ ਜੋ ਅਕਾਲ ਦੌਰਾਨ ਪ੍ਰਭਾਵਤ ਨਹੀਂ ਸਨ ਹੁੰਦੇ। ਹੁਣ ਤਾਂ ਗਰੀਬ ਲੋਕ ਆਪਣੇ ਡੰਗਰ ਵੇਚਣ ਤੇ ਮਜਬੂਰ ਹੋ ਰਹੇ ਹਨ।"

ਚਾਹੀਦਾ ਤਾਂ ਇਹ ਸੀ ਕਿ ਅੰਤਰਰਾਸ਼ਟਰੀ ਮੰਡੀ ਵਿੱਚ ਆਏ ਅੰਨ-ਸੰਕਟ ਦਾ ਫਾਇਦਾ, ਪੰਜਾਬ ਦੀ ਕਿਰਸਾਣੀ ਨੂੰ ਹੁੰਦਾ ਪਰ ਅਸਾਰ ਇਸ ਦੇ ਉਲਟ ਹਨ। ਪੰਜਾਬ, ਭਾਰਤ ਦੇ ਕੁੱਲ ਅੰਨ-ਭੰਡਾਰ ਵਿੱਚ, 60 ਤੋਂ 70 ਫੀਸਦੀ ਕਣਕ ਤੇ ਚਾਵਲ ਮੁਹੱਈਆ ਕਰਵਾਉਂਦਾ ਹੈ ਕਿਉਂਕਿ ਭਾਰਤ ਸਰਕਾਰ ਨੇ ਕਣਕ ਦੀ ਘੱਟੋ ਘੱਟ ਕੀਮਤ (ਮੀਨੀਮਮ ਸਪੋਰਟ ਪਰਾਈਸ, ਐਮ. ਐਸ. ਪੀ.) 1000 ਰੁਪਈਏ ਪ੍ਰਤੀ ਕੁਇੰਟਲ ਨਿਸਚਿਤ

ਕੀਤੀ ਹੋਈ ਹੈ – ਇਸ ਲਈ ਕਿਸਾਨ ਅੰਤਰਰਾਸ਼ਟਰੀ ਮੰਡੀ ਵਿੱਚ 2000 ਰੁਪਈਏ ਪ੍ਰਤੀ ਕੁਇੰਟਲ ਕੀਮਤ ਦਾ ਲਾਹਾ ਨਹੀਂ ਲੈ ਸਕਦਾ। ਪੰਜਾਬ ਵਿੱਚੋਂ 'ਪ੍ਰਾਈਵੇਟ ਕੰਪਨੀਆਂ' ਵਲੋਂ ਕਣਕ ਖ੍ਰੀਦਣ ਤੇ ਵੀ 'ਲਗਭਗ ਪਾਬੰਦੀ' ਵਰਗੀ ਸਥਿਤੀ ਹੀ ਹੈ। ਪਿਛਲੇ ਸਾਲ ਤਾਂ ਕੇਂਦਰ ਸਰਕਾਰ ਨੇ ਇਸ ਪਾਬੰਦੀ ਦੇ ਸਪੱਸ਼ਟ ਦਿਸ਼ਾ-ਨਿਰਦੇਸ਼ ਦਿੱਤੇ ਸਨ ਭਾਵੇਂ ਬਾਦ ਵਿੱਚ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਇਸ ਤੋਂ 'ਕੋਰਾ ਇਨਕਾਰ' ਕੀਤਾ ਸੀ। ਸਾਡੀ ਜਾਣਕਾਰੀ ਅਨੁਸਾਰ, ਇਸ ਵਰ੍ਹੇ ਵੀ ਜ਼ੁਬਾਨੀ-ਕਲਾਮੀ 'ਹੁਕਮ' ਇਹ ਹੀ ਹੈ। ਸ਼ਾਇਦ ਇਹ ਹੀ ਕਾਰਣ ਹੈ ਕਿ ਕਾਰਗਿਲ, ਆਈ. ਟੀ. ਸੀ., ਬ੍ਰਿਟੇਨੀਆ ਅਤੇ ਦਿੱਲੀ ਫਲਾਵਰ ਮਿੱਲ ਵਰਗੀਆਂ ਪ੍ਰਾਈਵੇਟ ਕੰਪਨੀਆਂ ਜਿਹੜੀਆਂ ਕਿ ਮੱਧ ਪ੍ਰਦੇਸ਼, ਗੁਜਰਾਤ, ਬਿਹਾਰ ਵਰਗੇ ਪ੍ਰਾਂਤਾਂ ਵਿੱਚੋਂ ਤਾਂ ਕਣਕ ਖਰੀਦ ਰਹੀਆਂ ਹਨ ਪਰ ਪੰਜਾਬ ਵੱਲ ਮੂੰਹ ਨਹੀਂ ਕਰਦੀਆਂ। ਭਾਵੇਂ ਇਸਦਾ ਇੱਕ ਕਾਰਣ ਪੰਜਾਬ ਵਿੱਚ ਜ਼ਿਆਦਾ ਟੈਕਸਾਂ ਦਾ ਹੋਣਾ ਦੱਸਿਆ ਜਾਂਦਾ ਹੈ। ਪੰਜਾਬ ਸਰਕਾਰ, ਕਣਕ ਉੱਤੇ 11 ਤੋਂ 12 ਫੀਸਦੀ ਟੈਕਸ ਲਾਉਂਦੀ ਹੈ ਜਦੋਂ ਕਿ ਦੂਸਰੇ ਸੂਬਿਆਂ ਵਿੱਚ ਇਹ ਨਾਮ-ਮਾਤਰ ਹੈ। ਪੰਜਾਬ ਵਿੱਚ ਬਾਣੀਆ-ਆੜਤੀ ਢੁੱਕੜੀ ਦੀ ਇੰਨੀ ਪਕੜ ਹੈ ਕਿ ਬਾਹਰਲੇ ਖਰੀਦਦਾਰ ਨੂੰ 'ਕੱਚੇ ਆੜ੍ਹਤੀ' ਨੂੰ 2.5 ਫੀਸਦੀ ਅਤੇ ਪੱਕੇ ਆੜ੍ਹਤੀ ਨੂੰ 1 ਫੀਸਦੀ 'ਫੀਸ' ਵੀ ਅਦਾ ਕਰਨੀ ਪੈਂਦੀ ਹੈ। ਮਾਰਕੀਟ ਫੀਸ, ਵੈਟ, ਪੇਂਡੂ ਵਿਕਾਸ ਟੈਕਸ ਅਤੇ ਢੋਅ-ਢੁਆਈ ਲਈ ਲੇਬਰ ਦਾ ਖਰਚਾ ਵੱਖਰਾ ਹੈ। ਮੌਜੂਦਾ ਸਰਕਾਰ ਨੇ 2 ਫੀਸਦੀ 'ਟੈਕਸ' ਹੋਰ ਠੋਕ ਦਿੱਤਾ ਹੈ ਕਿ ਇਹ 'ਨਹਿਰਾਂ ਦੀ ਮੁਰੰਮਤ' ਲਈ ਹੈ। ਇਸ ਸਭ ਨਾਲ 'ਭ੍ਰਿਸ਼ਟਾਚਾਰ ਫੀਸ' ਵੀ ਜੋੜ ਦਿਓ ਤਾਂ ਕਿਸਾਨਾਂ ਨੂੰ ਬਿਨਾਂ ਕੁਝ ਵਾਧੂ ਦਿੱਤਿਆਂ ਹੀ, ਪ੍ਰਾਈਵੇਟ ਕੱਸਟਮਰ ਤੌਬਾ ਤੌਬਾ ਕਰ ਉੱਠਦਾ ਹੈ।

ਵੇਖਣ ਵਾਲੀ ਗੱਲ ਇਹ ਹੈ ਕਿ ਪਿਛਲੇ ਵਰ੍ਹੇ ਅਪ੍ਰੈਲ ਤੋਂ ਦਸੰਬਰ ਤੱਕ, ਭਾਰਤ ਵਿੱਚ ਕਣਕ ਦੀਆਂ ਕੀਮਤਾਂ ਵਿੱਚ 88 ਫੀਸਦੀ ਦਾ ਵਾਧਾ ਹੋਇਆ – ਪਰ ਪੰਜਾਬ ਦੀ ਕਿਰਸਾਣੀ ਨੂੰ ਇਸ ਦਾ ਕੋਈ ਫਾਇਦਾ ਨਹੀਂ ਹੋਇਆ ਕਿਉਂਕਿ ਕਿਸਾਨਾਂ ਤੋਂ ਪਹਿਲਾਂ ਹੀ ਸਰਕਾਰੀ ਏਜੰਸੀਆਂ, ਸਸਤੇ ਭਾਅ ਤੇ ਕਣਕ ਖਰੀਦ ਲੈਂਦੀਆਂ ਹਨ। ਵਪਾਰੀ ਅਤੇ ਵੱਡਾ ਜ਼ਿਮੀਦਾਰ ਜਮਾਖੋਰੀ ਕਰਕੇ, ਮਹਿੰਗੇ ਸੀਜ਼ਨ ਵਿੱਚ ਮਨ-ਚਾਹੀਆਂ ਕੀਮਤਾਂ ਵਸੂਲਦੇ ਹਨ।

ਅਸੀਂ ਸਮਝਦੇ ਹਾਂ ਕਿ ਆਪਣੇ ਆਪ ਨੂੰ ਕਿਸਾਨਾਂ ਦੀ ਹਮਦਰਦ ਅਖਵਾਉਣ ਵਾਲੀ ਬਾਦਲ ਸਰਕਾਰ, ਕਣਕ-ਚਾਵਲ ਆਦਿ ਦੀਆਂ ਕੀਮਤਾਂ ਦੇ ਮੁੱਦੇ 'ਤੇ ਕੇਂਦਰ ਸਰਕਾਰ ਨਾਲ ਦੋ ਟੁੱਕ ਗੱਲ ਕਰੇ। ਜਾਂ ਤਾਂ ਕਣਕ-ਚਾਵਲਾਂ ਦੀ ਘੱਟੋ ਘੱਟ ਖਰੀਦ ਕੀਮਤ, ਅੰਤਰਰਾਸ਼ਟਰੀ ਮੰਡੀ ਦੇ ਭਾਅ ਅਨੁਸਾਰ ਨਿਸ਼ਚਿਤ ਕੀਤੀ ਜਾਵੇ (ਪਿਛਲੇ ਵਰ੍ਹਿਆਂ ਵਿੱਚ ਜਿਸ ਭਾਅ ਤੇ ਭਾਰਤ ਸਰਕਾਰ ਨੇ ਕਣਕ ਦਾ ਆਯਾਤ ਭੀ ਕੀਤਾ) ਨਹੀਂ ਤਾਂ ਅੰਤਰਰਾਸ਼ਟਰੀ ਏਜੰਸੀਆਂ ਨੂੰ ਪੰਜਾਬ 'ਚੋਂ ਕਣਕ ਖਰੀਦਣ ਦੀ ਖੁੱਲ੍ਹ ਦੇਵੇ। ਪੰਜਾਬ ਸਰਕਾਰ ਦਾ ਆਪਣਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਕਣਕ-ਚਾਵਲਾਂ ਆਦਿ ਦੀ ਖਰੀਦ ਤੇ ਲਾਏ ਗਏ ਵਾਧੂ ਟੈਕਸਾਂ ਦਾ ਭਾਰ ਘਟਾਵੇ। ਘੱਟੋ ਘੱਟ ਸਟੇਟ ਸਰਕਾਰ ਵੀ ਅੱਗੋਂ ਕੇਂਦਰੀ ਸਰਕਾਰ ਵਾਂਗ ਕਿਸਾਨਾਂ ਦਾ ਮਾਸ ਨੋਚਕੇ ਨਾ ਖਾਵੇ। ਪੰਜਾਬ ਸਰਕਾਰ ਲਈ ਰੈਵੇਨਿਊ ਸਭ ਤੋਂ ਵੱਡਾ ਸਾਧਨ, ਪੰਜਾਬ ਦਾ ਦਰਿਆਈ ਪਾਣੀ ਬਣ ਸਕਦਾ ਹੈ। ਕਈ ਬਿਲੀਅਨ ਡਾਲਰ ਦਾ 'ਪਾਣੀ' ਸਾਲਾਨਾ ਰਾਜਸਥਾਨ ਤੇ ਹਰਿਆਣਾ ਮੁਫਤੋ-ਮੁਫਤੀ ਲੁੱਟ ਰਹੇ ਹਨ। ਬਾਦਲ ਸਰਕਾਰ, ਅੰਤਰਰਾਸ਼ਟਰੀ ਭਾਅ ਅਨੁਸਾਰ, ਪਾਣੀ ਦੀ ਕੀਮਤ ਵਸੂਲਣ ਦੀ ਹਿੰਮਤ ਕਿਉਂ ਨਹੀਂ ਦਿਖਾਂਦੀ ? ਅਕਾਲੀ ਦਲ ਨੇ 'ਪੰਥਕ ਪਾਰਟੀ' ਹੋਣ ਤੋਂ ਤਾਂ ਹੱਥ ਧੋ ਹੀ ਲਏ ਹਨ – ਘੱਟੋ ਘੱਟ 'ਕਿਰਸਾਣੀ ਪਾਰਟੀ' ਦਾ ਰੋਲ ਹੀ ਈਮਾਨਦਾਰੀ ਨਾਲ ਨਿਭਾ ਕੇ ਵਿਖਾਵੇ ?